# ਨਮੂਨੇ ਦਾ ਪ੍ਰਸ਼ਨ -ਪੱਤਰ
## ਸ਼੍ਰੇਣੀ ਬਾਰ੍ਹਵੀਂ
## ਪੰਜਾਬੀ ਚੋਣਵੀਂ
## ਵਿੱਦਿਅਕ ਸੈੱਸ਼ਨ : 2022 -23

**ਸਮਾਂ : 3 ਘੰਟੇ** | **ਲਿਖਤੀ : 80 ਅੰਕ**

**ਆਂਤਰਿਕ ਮੁਲਾਂਕਣ : 20 ਅੰਕ**

**ਕੁੱਲ : 100 ਅੰਕ**

1. 5 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।

2. ਵਸਤੂਨਿਸ਼ਠ ਪ੍ਰਸ਼ਨ :

ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ।

ਭਾਗ (ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਦਿਓ :

(i) 'ਕੈ ਬਾਗ਼ੈ ਦੀ ਮੂਲੀਂ ਰਚਨਾ ਕਿਸ ਸੂਫ਼ੀ ਕਵੀ ਦੀ ਹੈ ? 2

(ii) ਮਿਰਜ਼ੇ ਨੂੰ ਜੰਡ ਹੇਠ ਸੌਣ ਤੋਂ ਕੌਣ ਰੋਕਦਾ ਹੈ ? 2

(iii) 'ਧੂੜ ਭਰੇ ਰਾਹ' ਪਾਠ ਦੇ ਲੇਖਕ ਦਾ ਨਾਂ ਕੀ ਹੈ ? 2

(iv) ਰੰਗ-ਮੰਚ ਉੱਤੇ ਕਿਸ ਚੀਜ਼ ਦਾ ਖ਼ਾਸ ਪ੍ਰਬੰਧ ਹੁੰਦਾ ਹੈ ? 2

(v) ਕਿਸੇ ਦੋ ਅਲੰਕਾਰਾਂ ਦਾ ਨਾਂ ਲਿਖੋ। 2

5x2=10

ਭਾਗ (ਅ) ਬਹੁਚੋਣਵੇਂ ਪ੍ਰਸ਼ਨ :

(i) ਇਕਨਾ ਦੇ ਧਨ ਪੱਲੇ, ਸ਼ਾਹ ਸਦਾਇੰਦੇ ਸਲੋਕ ਵਿੱਚ ਜ਼ਿਕਰ ਹੈ

(ੳ) ਮਾਲਕ-ਨੌਕਰ (ਅ) ਅਮੀਰੀ-ਗ਼ਰੀਬੀ

(ੲ) ਦੁੱਖ-ਸੁੱਖ (ਸ) ਖ਼ੁਸ਼ੀ-ਗ਼ਮੀ 2

(ii) ਪੰਜਾਬੀ ਕਿੱਸਾ-ਕਾਵਿ ਅਨੁਸਾਰ ਜੰਡ ਹੇਠ ਸੌਂ ਰਹੇ ਕਿਸ ਪ੍ਰੀਤ -ਨਾਇਕ ਨੂੰ ਮਾਰਿਆ ਜਾਂਦਾ ਹੈ ?

(ੳ) ਰਾਂਝਾ (ਅ) ਮਿਰਜ਼ਾ

(ੲ) ਪੁੰਨੂ (ਸ) ਮਜਨੂੰ 2

(iii) ਦਾਰਾ ਸਿੰਘ ਨੇ ਉਰਦੂ ਜ਼ੁਬਾਨ ਕਿਸ ਤੋਂ ਸਿੱਖੀ ?

(ੳ) ਰਾਜ ਕੁਮਾਰ ਕੋਹਲੀ ਤੋਂ (ਅ) ਓਮ ਪੁਰੀ ਤੋਂ

(ੲ) ਮਾਸਟਰ ਹਸਨ ਤੋਂ (ਸ) ਹਰਬੰਸ ਤੋਂ 2

Downloaded from cclchapter.com

(iv) ਕੋਰੜਾ ਕਿਹੜਾ ਛੰਦ ਹੈ ?

(ੳ) ਮਾਤਰਿਕ (ਅ) ਵਰਨਿਕ

(ੲ) ਗਣਿਕ (ਸ) ਕੋਈ ਨਹੀਂ 2

(v) ਕਿਸ ਰਸ ਨੂੰ ਰਸਾਂ ਦਾ ਰਾਜਾ ਕਿਹਾ ਜਾਂਦਾ ਹੈ ?

(ੳ) ਅਦਭੁੱਤ ਰਸ (ਅ) ਸ਼ਿੰਗਾਰ ਰਸ

(ੲ) ਅੱਤਕਥਨੀ ਰਸ (ਸ) ਹਾਸ ਰਸ 2

5x2=10

ਭਾਗ (ੲ) ਹੇਠ ਲਿਖੇ ਕਥਨਾਂ ਵਿੱਚੋਂ ਸਹੀ ਗ਼ਲਤ ਕਥਨ ਦੱਸੋ :

(i) 'ਚੰਡੀ ਦੀ ਵਾਰ' ਨਜ਼ਾਬਤ ਦੀ ਰਚਨਾ ਹੈ। 2

(ii) ਪੂਰਨ ਭਗਤ ਦਾ ਗੁਰੂ ਗੁਰੂ ਗੋਰਖ ਨਾਥ ਸੀ। 2

(iii) 'ਐਬਟਾਬਾਦ' ਪ੍ਰੋਫੈਸਰ ਪੂਰਨ ਸਿੰਘ ਦੀ ਸਵੈਜੀਵਨੀ ਦਾ ਅੰਸ਼ ਹੈ। 2

(iv) ਨਾਟਕ ਦਾ ਅਹਿਮ ਤੱਤ ਰੰਗ-ਮੰਚ ਹੈ। 2

(v) ਸ਼ਾਂਤ ਰਸ ਦਾ ਸਥਾਈ ਭਾਵ ਸ਼ੋਕ ਹੈ। 2

5x2=10

ਭਾਗ (ਸ) ਖ਼ਾਲੀ ਥਾਂਵਾਂ ਭਰੋ :

(1) ਪਵਣੁ ਗੁਰੂ ਪਾਣੀ................. ਮਾਤਾ ਧਰਤਿ ਮਹਤੁ। (ਪਿਤਾ/ਭਗਤ/ਭਰਾਤਾ) 2

(ii) ਸ਼ਾਹ ਮੁਹੰਮਦ ਦਾ ਜੰਗਨਾਮਾ............ ਛੰਦ ਵਿੱਚ ਲਿਖਿਆ ਹੈ। (ਬੈਂਤ/ਚੌਪਈ/ਕੋਰੜਾ) 2

(iii) ਨਵਾਂ ਸਾਈਕਲ ਖ਼ਰੀਦਣ ਲਈ ਵਣਜਾਰਾ ਬੇਦੀ ਨੂੰ ਆਪਣੀ ਪਤਨੀ ਦਾ............ਵੇਚਣਾ ਪਿਆ।
(ਸੋਨੇ ਦਾ ਹਾਰ/ਚਾਂਦੀ ਦਾ ਹਾਰ/ਸੋਨੇ ਦੀ ਚੂੜੀ) 2

(iv) ਪਾਤਰ ਇਕਾਂਗੀਕਾਰ ਦੇ ਹੱਥਾਂ ਦੀ..................ਨਹੀਂ ਹੁੰਦੇ। (ਪੁਤਲੀ/ਕਠਪੁਤਲੀ/ਪਤੰਗ) 2

(v) ਚੌਪਈ ਦਾ ਅਰਥ ਹੈ.....................ਚਰਨਾਂ ਵਾਲਾ ਛੰਦ। (ਤਿੰਨ/ਚਾਰ/ਪੰਜ) 2

5x2=10

3. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਫਰੀਦਾ ਮੈਂ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾ ਘਰਿ=ਘਰਿ ਏਹਾ ਅਗਿ ॥ 2+3=5

(ਅ) ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤੁ ਸਭੁ ਕੋਇ ॥
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ ॥
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ ॥ 2+3=5

4. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ ਲਿਖੋ: 4

Downloaded from cclchapter.com

(ੳ) ਇੱਥੇ ਰਹਿਣਾ ਨਾਹੀਂ (ਸ਼ਾਹ ਹੁਸੈਨ)

(ਅ) ਸਤੀਆ ਏਹਿ ਨਾ ਆਖੀਅਨਿ (ਗੁਰੂ ਅਮਰਦਾਸ ਜੀ)

5. (ੳ) ਹਾਸ਼ਮ ਜਾਂ ਵਾਰਿਸ ਸ਼ਾਹ ਦੇ ਕਿੱਸੇ ਦਾ ਵਿਸ਼ਲੇਸ਼ਣ ਕਰਦਿਆਂ ਉਸ ਦੇ ਕਾਵਿਕ ਗੁਣਾਂ ਦਾ ਵਰਨਣ ਕਰੋ। 7

ਜਾਂ

(ਅ) ਪੰਜਾਬੀ (ਬੀਰ-ਕਾਵਿ-ਧਾਰਾਂ ਦੀਆਂ ਪ੍ਰਾਪਤੀਆਂ ਸੰਬੰਧੀ ਸੰਖੇਪ ਵਿੱਚ ਲਿਖੋ।

6. 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਦੋ ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ : 4+4=8

(ੳ) ਸਿੰਬਾ ਲੇਖਕ ਨੂੰ ਸ਼ਾਮ ਦੀ ਸੈਰ 'ਤੇ ਲਿਜਾਣ ਲਈ ਕਹਿਣ ਸਮੇਂ ਕਿਹੋ-ਜਿਹੀਆਂ ਹਰਕਤਾਂ ਕਰਦਾ ਸੀ ?

(ਅ) ਤੇਜਾ ਸਿੰਘ ਨੂੰ ਪੜ੍ਹਾਈ ਕਰਨ ਵਿੱਚ ਕਿਸ ਤਰ੍ਹਾਂ ਦੀਆਂ ਔਕੜਾਂ ਆਈਆਂ ਤੇ ਉਸ ਨੇ ਇਹਨਾਂ ਨੂੰ ਕਿਵੇਂ ਹੱਲ ਕੀਤਾ ?

7. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ ਇੱਕ ਸਾਹਿਤ-ਰੂਪ ਬਾਰੇ ਨੋਟ ਲਿਖੋ : 2+4+1=7

(ੳ) ਕਵਿਤਾ

(ਅ) ਜੀਵਨੀ

(ੲ) ਇਕਾਂਗੀ

8. ਹੇਠ ਲਿਖੇ ਭਾਗਾਂ ਵਿੱਚੋਂ ਕਿਸੇ ਇੱਕ ਭਾਗ ਉੱਤੇ ਉਦਾਹਰਨਾਂ ਸਹਿਤ ਨੋਟ ਲਿਖੋ :

(ੳ) ਰੂਪਕ ਅਲੰਕਾਰ ਜਾ ਅਨੁਪ੍ਰਾਸ ਅਲੰਕਾਰ 4

(ਅ) ਸ਼ਿੰਗਾਰ ਰਸ ਜਾਂ ਭਿਆਨਕ ਰਸ 4

(ੲ) ਕਬਿੱਤ ਛੰਦ ਜਾਂ ਦਵਈਆ ਛੰਦ 4

4+4+4=12

Downloaded from cclchapter.com